# ਸ਼੍ਰੇਣੀ - ਦਸਵੀਂ (ਸਮਾਜਿਕ ਸਿੱਖਿਆ) 2016 - 17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | (ਭੂਗੋਲ)<br>ਪਾਠ-1<br>ਭਾਰਤ- ਇੱਕ ਜਾਣ ਪਛਾਣ | ਵਿਦਿਆਰਥੀਆਂ ਨੂੰ ਭਾਰਤ ਦੀ ਸਥਿਤੀ, ਵਿਸਥਾਰ, ਖੇਤਰੀ ਭਿੰਨਤਾਵਾਂ ਹੋਣ ਦੇ ਬਾਵਜੂਦ ਅਨੇਕਤਾ ਵਿੰਚ ਏਕਤਾ ਬਾਰੇ ਜਾਣਕਾਰੀ ਦੇਣਾ। | • ਸੰਸਾਰ ਦੇ ਨਕਸ਼ੇ ਤੇ ਭਾਰਤ ਦੀ ਸਥਿਤੀ ਨੂੰ ਸਪੱਸ਼ਟ ਕਰਦੇ ਹੋਏ ਗੁਆਂਢੀ ਦੇਸ਼ਾਂ ਨੂੰ ਨਕਸ਼ੇ ਤੇ ਭਰਵਾਉਣਾ ਤੇ ਯਾਦ ਕਰਾਕੇ ਟੈਸਟ ਲੈਣਾ।<br>• ਭਾਰਤ ਦੇ ਪ੍ਰਬੰਧਕੀ ਰਾਜ, ਰਾਜਧਾਨੀਆਂ, ਸਾਰਕ ਦੇਸ਼ਾਂ ਦੇ ਰਾਜ ਅਤੇ ਰਾਜਧਾਨੀਆਂ ਬਾਰੇ ਜਾਣਕਾਰੀ ਦੇਣਾ। |
| | (ਇਤਿਹਾਸ)<br>ਪਾਠ-1<br>ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਈਆਂ ਅਤੇ ਉਨ੍ਹਾਂ ਦਾ ਇਸ ਦੇ ਇਤਿਹਾਸ ਉੱਤੇ ਪ੍ਰਭਾਵ | ਵਿਦਿਆਰਥੀਆਂ ਵਿੱਚ ਇਹ ਸਮਝ ਪੈਦਾ ਕਰਨਾ ਕਿ ਕਿਸ ਤਰ੍ਹਾਂ ਬੀਤੇ ਸਮੇਂ ’ਚ ਪੰਜਾਬ ਦੇ ਨਾਂ ’ਚ ਸਮੇਂ-ਸਮੇਂ ਤਬਦੀਲੀ ਆਈ ਅਤੇ ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਕਾਰਨ ਪੰਜਾਬ ਦੇ ਇਤਿਹਾਸ ਤੇ ਕੀ ਪ੍ਰਭਾਵ ਪਏ। | • ਪੰਜਾਬ 1947 ਤੋਂ ਪਹਿਲਾਂ ਦੇ ਨਕਸ਼ੇ ਵਿੱਚ ਵੱਖ-ਵੱਖ ਦਰਿਆ ਅੰਕਿਤ ਕਰਵਾਏ ਜਾਣ ਤੇ ਕਾਪੀ ਤੇ ਨਕਸ਼ੇ ਚਿਪਕਾਏ ਜਾਣ।<br>• ਪੰਜਾਬ 1947 ਤੋਂ ਪਹਿਲਾਂ ਦੇ ਨਕਸ਼ੇ ਦੀ ਮੱਦਦ ਨਾਲ ਵੱਖ-ਵੱਖ ਸਮੇਂ ਪੰਜਾਬ ਦੀਆਂ ਹੱਦਾਂ ਦੀ ਤਬਦੀਲੀ ਦਰਸਾਈ ਜਾਵੇ ਅਤੇ ਨਕਸ਼ਾ ਕਾਪੀ ਤੇ ਚਿਪਕਾਇਆ ਜਾਵੇ।<br>• ਭੂਗੋਲਿਕ ਵਿਸ਼ੇਸ਼ਤਾਵਾਂ ਦਾ ਇਤਿਹਾਸ ਤੇ ਪ੍ਰਭਾਵ ਚਾਰਟ ਤਿਆਰ ਕਰਵਾਇਆ ਜਾਵੇ। |
| | (ਅਰਥ ਸ਼ਾਸਤਰ)<br>ਪਾਠ-1<br>ਮੁੱਢਲੀਆਂ ਧਾਰਨਾਵਾਂ | ਰਾਸ਼ਟਰੀ ਆਮਦਨ ਨਾਲ ਸਬੰਧਤ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ ਦੇਣਾ। | • ਪ੍ਰੀਭਾਸ਼ਾਵਾਂ ਨਾਲ ਸਬੰਧਤ ਫਲੋ-ਚਾਰਟ ਤਿਆਰ ਕੀਤਾ ਜਾਵੇ। |
| | (ਨਾਗਰਿਕ ਸ਼ਾਸਤਰ)<br>ਇਕਾਈ-1<br>ਪਾਠ-10 | ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦੇਣਾ। | • ਭਾਰਤੀ ਸੰਸਦ ਦਾ ਮਾਡਲ ਬਣਵਾਇਆ ਜਾਵੇ। |

| | | | |
|---|---|---|---|
| | ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ | | |
| ਮਈ | (ਭੂਗੋਲ)<br>ਪਾਠ-2<br>ਧਰਾਤਲ | ਵਿਦਿਆਰਥੀਆਂ ਨੂੰ ਭਾਰਤ ਦੀਆਂ ਧਰਾਤਲੀ ਇਕਾਈਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਨਕਸ਼ੇ ਰਾਹੀਂ ਵਿਸਥਾਰ ਪੂਰਵਕ ਸਮਝਾਉਣਾ। | • ਅਧਿਆਪਕ ਦੁਆਰਾ ਇੰਟਰਨੈੱਟ ਰਾਹੀਂ ਧਰਾਤਲੀ ਇਕਾਈਆਂ ਦੇ ਨਿਰਮਾਣ ਦੀ ਵੀਡੀਓ ਦਿਖਾਉਣਾ ਤਾਂ ਜੋ ਵਿਦਿਆਰਥੀਆਂ ਨੂੰ ਭੂ-ਆਕ੍ਰਿਤੀਆਂ ਦਾ ਗਿਆਨ ਹੋ ਸਕੇ।<br>• ਭਾਰਤ ਦੇ ਧਰਾਤਲ ਦੇ ਵਰਗੀਕਰਨ ਦਾ ਚਾਰਟ ਬਣਵਾਉਣਾ।<br>• ਭਾਰਤ ਦੇ ਨਕਸ਼ੇ ਨੂੰ ਵੱਧ ਤੋਂ ਵੱਧ ਪ੍ਰਯੋਗ ਵਿੱਚ ਲਿਆ ਕੇ ਭੌਤਿਕ ਵੰਡ ਤੇ ਆਕ੍ਰਿਤੀਆਂ ਨੂੰ ਨਕਸ਼ੇ ਤੇ ਭਰਨਾ ਸਿਖਾਉਣਾ।<br>• ਪਾਠ-ਪੁਸਤਕ ’ਚ ਦਿੱਤੇ ਨਕਸ਼ੇ ਸਥਾਨ ਅੰਕਿਤ ਕਰਵਾ ਕੇ ਅਪਿਆਸ ਕਾਪੀ ਤੇ ਚਿਪਕਾਏ ਜਾਣ। |
| | (ਇਤਿਹਾਸ)<br>ਪਾਠ-2<br>ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ | ਵਿਦਿਆਰਥੀਆਂ ’ਚ ਸਮਝ ਪੈਦਾ ਕਰਨਾ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਮਾਜ ਦੀ ਅਵਸਥਾ ਕੀ ਸੀ। ਸਮਾਜ ਨੇ ਰਾਜਨੀਤੀ ਨੂੰ ਅਤੇ ਰਾਜਨੀਤਿਕ ਅਵਸਥਾ ਨੇ ਸਮਾਜ ਨੂੰ ਕਿਵੇਂ ਪ੍ਰਭਾਵਿਤ ਕੀਤਾ। | • ਲੋਧੀ ਸੁਲਤਾਨਾਂ ਦੇ ਰਾਜ ਸਬੰਧੀ ਸਮਾਂ ਰੇਖਾ ਕਾਪੀ ਤੇ ਬਣਵਾਈ ਜਾਵੇ।<br>• ਉਸ ਸਮੇਂ ਦੀ ਸਮਾਜਿਕ ਅਵਸਥਾ ਤੇ ਹੁਣ ਦੀ ਸਮਾਜਿਕ ਅਵਸਥਾ ਦਾ ਤੁਲਨਾਤਮਕ ਚਾਰਟ ਅਭਿਆਸ ਕਾਪੀ ਤੇ ਤਿਆਰ ਕਰਵਾਇਆ ਜਾਵੇ। |
| | ਪਾਠ-3<br>ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀਆਂ | • ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਜਾਣਕਾਰੀ ਦੇਣਾ। | • ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸਬੰਧੀ ਨਕਸ਼ਾ ਭਰਵਾਇਆ ਜਾਵੇ ਤੇ ਅਭਿਆਸ |

| | | | |
|---|---|---|---|
| | ਸਿੱਖਿਆਵਾਂ | • ਗੁਰੂ ਸਾਹਿਬ ਨੇ ਉਦਾਸੀਆਂ ਕਿਉਂ ਕੀਤੀਆਂ, ਇਸ ਸਬੰਧੀ ਸਮਝ ਪੈਦਾ ਕਰਨਾ।<br>• ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਸਮਾਜ 'ਚੋਂ ਕਿਸ ਤਰ੍ਹਾ ਕੁਰੀਤੀਆਂ ਦੂਰ ਹੋਈਆਂ, ਬਾਰੇ ਜਾਣਕਾਰੀ ਦੇਣਾ। | ਕਾਪੀ ਤੇ ਚਿਪਕਾਇਆ ਜਾਵੇ।<br>• ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਚਾਰਟ ਤਿਆਰ ਕਰਵਾਇਆ ਜਾਵੇ ਤੇ ਵਿਦਿਆਰਥੀਆਂ ਨੂੰ ਤੁਲਨਾਤਮਕ ਅਧਿਐਨ ਕਰਨ ਲਈ ਕਿਹਾ ਜਾਵੇ ਕਿ ਇਨ੍ਹਾਂ ਸਿੱਖਿਆਵਾ ਦੀ ਅੱਜ ਦੇ ਸਮਾਜ ਨੂੰ ਕਿਸ ਤਰ੍ਹਾਂ ਲੋੜ ਹੈ? |
| | (ਨਾਗਰਿਕ ਸ਼ਾਸਤਰ)<br>ਇਕਾਈ-1<br>ਪਾਠ-11<br>ਕੇਂਦਰੀ ਸਰਕਾਰ | ਭਰਤੀ ਸੰਸਦ ਦੇ ਦੋਨਾਂ ਸਦਨਾਂ ਬਾਰੇ ਜਾਣਕਾਰੀ ਦੇਣਾ। | • ਭਾਰਤੀ ਚਲੰਤ ਮਸਲਿਆਂ, ਸੰਸਦ ਦੀ ਭੂਮਿਕਾ ਬਾਰੇ ਵਿਚਾਰ-ਵਟਾਂਦਰਾ। ਰਾਸ਼ਟਰਪਤੀ ਦੀਆਂ ਸ਼ਕਤੀਆਂ ਸਬੰਧੀ ਚਾਰਟ ਬਣਾਇਆ ਜਾਵੇ। |
| ਜੁਲਾਈ | (ਭੂਗੋਲ)<br>ਪਾਠ-3<br>ਜਲਵਾਯੂ | ਵਿਦਿਆਰਥੀਆਂ ਨੂੰ ਜਲਵਾਯੂ ਦੀਆਂ ਭਿੰਨਤਾਵਾਂ ਨੂੰ ਸਮਝਾਉਂਦੇ ਹੋਏ ਭਾਰਤੀ ਮਾਨਸੂਨ ਪ੍ਰਣਾਲੀ ਅਤੇ ਭਾਰਤ ਵਿੱਚ ਵਰਖਾ ਦੀ ਵੰਡ, ਖੇਤਰਾਂ ਤੇ ਰੁੱਤਾਂ ਬਾਰੇ ਜਾਣਕਾਰੀ ਦੇਣਾ। | • ਅਧਿਆਪਕ ਭਾਰਤ ਦੇ ਨਕਸ਼ੇ ਤੇ ਵਰਖਾ ਦੀ ਵੰਡ ਅਤੇ ਖੇਤਰਾਂ ਨੂੰ ਸਮਝਾ ਕੇ ਨਕਸ਼ੇ ਵਿੱਚ ਭਰਵਾਉਣਗੇ।<br>• ਭਾਰਤ ਵਿੱਚ ਵੱਖ-ਵੱਖ ਰੁੱਤਾਂ ਵਿੱਚ ਸਥਾਨਾਂ ਦੇ ਚਿੱਤਰ ਇਕੱਠੇ ਕਰਵਾ ਕੇ ਰੁਚੀ ਪੈਦਾ ਕਰਨਾ ਅਤੇ ਵੱਖ-ਵੱਖ ਰੁੱਤਾਂ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਜਾਵੇ। |
| | (ਇਤਿਹਾਸ)<br>ਪਾਠ-4<br>ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ | ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਧਰਮ ਦੇ ਵਿਕਾਸ ਅਤੇ ਗੁਰੂ ਸਾਹਿਬ ਨੇ ਕਿਨ੍ਹਾਂ-ਕਿਨ੍ਹਾਂ ਔਕੜਾਂ ਦਾ ਸਾਹਮਣਾ ਕੀਤਾ, ਇਸ ਬਾਰੇ ਸਮਝ ਪੈਦਾ ਕਰਨਾ। | • ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਕੰਮਾਂ ਦਾ ਚਾਰਟ ਤਿਆਰ ਕਰਵਾਇਆ ਜਾਵੇ।<br>• ਸਾਰੇ ਗੁਰੂ ਸਾਹਿਬਾਂ ਦੀ ਗੁਰਗੱਦੀ ਸਬੰਧੀ ਸਮਾਂ ਰੇਖਾ ਅਭਿਆਸ ਕਾਪੀ ਤੇ ਤਿਆਰ ਕਰਵਾਈ ਜਾਵੇ। |

| | | | |
|---|---|---|---|
| | (ਅਰਥ ਸ਼ਾਸਤਰ)<br>ਪਾਠ-2<br>ਭਾਰਤੀ ਅਰਥ ਸਾਸ਼ਤਰ ਦੀ ਅਧਾਰਿਕ ਸਰੰਚਨਾ | ਅਰਥ ਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਜਿਹਨਾਂ ਤੱਤਾਂ ਦੀ ਜ਼ਰੂਰਤ ਹੈ, ਬਾਰੇ ਦੱਸਿਆ ਜਾਵੇ। | • ਅਧਾਰਿਕ ਸਰੰਚਨਾ ਨਾਲ ਸਬੰਧਤ ਚਾਰਟ ਬਣਾਇਆ ਜਾਵੇ। |
| ਅਗਸਤ | (ਭੂਗੋਲ)<br>ਪਾਠ-4<br>ਕੁਦਰਤੀ ਬਨਸਪਤੀ-ਜੀਵਜੰਤੂ ਅਤੇ ਮਿੱਟੀਆਂ | ਭਾਰਤ ਵਿੱਚ ਕੁਦਰਤੀ ਬਨਸਪਤੀ ਦੀਆਂ ਕਿਸਮਾਂ, ਮਿੱਟੀਆਂ ਦੀਆਂ ਕਿਸਮਾਂ ਤੇ ਸੰਭਾਲ, ਜੀਵ ਜੰਤੂਆਂ ਤੇ ਜੀਵ ਰਾਖਵੇਂ ਖੇਤਰਾਂ ਤੋਂ ਵਿਦਿਆਰਥੀਆਂ ਨੂ ਜਾਣੂ ਕਰਾਉਣਾ। | • ਅਧਿਆਇ ਵਿੱਚ ਦਿੱਤੇ ਨਕਸ਼ਿਆਂ ਦੇ ਵੱਖ-ਵੱਖ ਬਨਸਪਤੀ ਦੇ ਖੇਤਰ ਅੰਕਿਤ ਕਰਕੇ ਨਕਸ਼ਾ ਅਭਿਆਸ ਕਾਪੀ ਤੇ ਚਿਪਕਾਇਆ ਜਾਵੇ।<br>• ਮਿੱਟੀਆਂ ਦੀਆਂ ਕਿਸਮਾਂ ਦੇ ਦੋ-ਦੋ ਖੇਤਰਾਂ ਨੂੰ ਨਕਸ਼ੇ ਤੇ ਭਰਵਾ ਕੇ ਨਕਸ਼ਾ ਅਭਿਆਸ ਕਾਪੀ ਵਿੱਚ ਚਿਪਕਾਉਣਾ।<br>• ਭਾਰਤ ਵਿੱਚ ਮਹੱਤਵਪੂਰਨ ਜੀਵ ਰਾਖਵੇਂ ਖੇਤਰਾਂ ਨੂੰ ਇੰਟਰਨੈੱਟ ਦੀ ਮੱਦਦ ਲੈ ਕੇ ਰੋਚਕ ਤਰੀਕੇ ਨਾਲ ਸਮਝਾਇਆ ਜਾਵੇ। |
| | (ਇਤਿਹਾਸ)<br>ਪਾਠ-5<br>ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖਾਲਸੇ ਦੀ ਸਿਰਜਣਾਂ ਅਤੇ ਸ਼ਖਸੀਅਤ | ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸ਼ਖਸੀਤ ਸਬੰਧੀ ਸਮਝਾਉਣਾ। ਖਾਲਸੇ ਦੀ ਸਥਾਪਨਾ ਤੋਂ ਬਾਅਦ ਕਿਸ ਤਰ੍ਹਾਂ ਸਮਾਜ ਵਿੱਚ ਤਬਦੀਲੀ ਆਈ ਅਤੇ ਜੁਲਮ-ਜ਼ਬਰ ਦਾ ਮੁਕਾਬਲਾ ਕਿਸ ਤਰ੍ਹਾਂ ਕੀਤਾ ਗਿਆ, ਇਸ ਸਬੰਧੀ ਸਮਝਾਉਣਾ। | • 1947 ਤੋਂ ਪਹਿਲਾਂ ਦਾ ਪੰਜਾਬ ਦੇ ਨਕਸ਼ੇ ਵਿੱਚ ਗੁਰੂ ਸਾਹਿਬ ਨਾਲ ਸਬੰਧਤ ਸਥਾਨ ਭਰਵਾਏ ਜਾਣ।<br>• ਖਾਲਸੇ ਦੀ ਸਥਾਪਨਾ ਲਈ ਜ਼ਿੰਮੇਵਾਰ ਘਟਨਾਵਾਂ ਦੀ ਕਲਾਸ ਵਿੱਚ ਵਿਚਾਰ-ਵਟਾਂਦਰਾ ਕਰਵਾਇਆ ਜਾਵੇ।<br>• ਫਿਲਮ ਚਾਰ ਸਾਹਿਬਜਾਦੇ ਦੇਖਣ ਲਈ ਪ੍ਰੇਰਿਤ ਕੀਤਾ ਜਾਵੇ। |
| | (ਅਰਥ ਸ਼ਾਸਤਰ)<br>ਪਾਠ-3<br>ਭਾਰਤ ਵਿੱਚ | ਭਾਰਤ ਵਿੰਚ ਖੇਤੀਬਾੜੀ ਵਿਕਾਸ ਅਤੇ ਰਾਸ਼ਟਰੀ ਆਮਦਨ ਖੇਤੀਬਾੜੀ ਦੇ ਯੋਗਦਾਨ ਸਬੰਧੀ ਸਮਝ ਪੈਦਾ ਕਰਨਾ। | • ਅਧਿਾਪਕ ਭੂਗੋਲ ਦੇ ਨਾਲ ਤਾਲਮੇਲ ਕਰਦਾ ਹੋਇਆ ਇਹ ਵਿਸ਼ਾ ਕਰਵਾਏਗਾ। |

| | | | |
|---|---|---|---|
| | ਖੇਤੀਬਾੜੀ ਦਾ ਵਿਕਾਸ | | • ਖੇਤੀਬਾੜੀ ਦੀਆਂ ਸਮੱਸਿਆਵਾਂ, ਪੰਜ ਸਾਲਾ ਯੋਜਨਾਵਾਂ ਅਤੇ ਹਰੀ ਕ੍ਰਾਂਤੀ ਸਬੰਧੀ ਚਾਰਟ ਜਾਂ ਟੇਬਲ ਤਿਆਰ ਕੀਤਾ ਜਾਵੇ। |
| | (ਨਾਗਰਿਕ ਸ਼ਾਸਤਰ)<br>ਇਕਾਈ-2<br>ਪਾਠ-12<br>ਰਾਜ ਸਰਕਾਰ | ਰਾਜ ਸਰਕਾਰ ਦੀ ਬਣਤਰ ਉਸ ਦੇ ਕੰਮ ਕਰਨ ਦੇ ਤਰੀਕੇ ਅਤੇ ਕੇਂਦਰ ਨਾਲ ਸਬੰਧਤ ਸਮਝ ਪੈਦਾ ਕਰਨਾ। | • ਭਾਰਤ ਰਾਜਨੀਤਿਕ ਨਕਸ਼ੇ ਵਿੱਚ ਭਾਰਤ ਦੇ ਸਾਰੇ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਭਰਵਾਏ ਜਾਣ, ਵੱਖ-ਵੱਖ ਰੰਗਾਂ ਨਾਲ (ਅਭਿਆਸ ਕਾਪੀ ਤੇ)।<br>• ਪੰਜਾਬ ਦੇ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਦੇ ਮੰਤਰੀਆਂ ਦੇ ਨਾਂ ਅਤੇ ਉਨ੍ਹਾਂ ਵਿਭਾਗਾਂ ਸਬੰਧੀ ਸੂਚੀ ਅਭਿਆਸ ਕਾਪੀ ਤੇ ਤਿਆਰ ਕਰਵਾਈ ਜਾਵੇ।<br>• ਵਿਧਾਨ ਸਭਾ ਦੀ ਕਾਰਵਾਈ ਸਬੰਧੀ ਰੋਲ-ਪਲੇਅ ਕਰਵਾਏ ਜਾਣ। |
| ਸਤੰਬਰ | | ਦੁਹਰਾਈ | ਪ੍ਰੀਖਿਆ |
| ਅਕਤੂਬਰ | **ਭੂਗੋਲ:**<br>**ਅਧਿਆਇ-5**<br>**ਜਲ ਸਾਧਨ ਅਤੇ ਸਿਚਾਈ ਯੋਜਨਾਵਾਂ** | **ਜਲ ਸਾਧਨਾਂ ਦੀ ਮਹੱਤਤਾ ਸਬੰਧੀ ਸਮਝ ਪੈਦਾ ਕਰਨਾ। ਜਲ ਸਾਧਨਾ ਦੀ ਯੋਗ ਵਰਤੋਂ ਅਤੇ ਜਲ ਸਾਧਨਾ ਦੀ ਸੰਭਾਲ ਸਬੰਧੀ ਸਮਝ ਪੈਦਾ ਕਰਨਾ।** | **• ਪਾਠ-ਪੁਸਤਕ ਚ ਦਿੱਤੇ ਨਕਸ਼ੇ ਸਥਾਨ ਅੰਕਿਤ ਕਰਵਾ ਕੇ ਅਭਿਆਸ ਕਾਪੀ ਤੇ ਚਿਪਕਾਏ ਜਾਣ।**<br>**• ਜਲ ਸਾਧਨਾ ਦਾ ਚਾਰਟ ਤਿਆਰ ਕੀਤਾ ਜਾਵੇ।**<br>**• ਜਲ ਸਾਧਨਾ ਸਬੰਧੀ ਪੋਸਟਰ ਬਣਾਉਣ ਮੁਕਾਬਲਾ ਕਰਵਾਇਆ ਜਾਵੇ।**<br>**"ਜਲ ਪ੍ਰਦੂਸ਼ਣ"** |

| | | | |
|---|---|---|---|
| | ਅਧਿਆਇ-6<br>ਭੂਮੀ ਵਰਤੋਂ ਅਤੇ ਖੇਤੀਬਾੜੀ | ਵੱਖ-ਵੱਖ ਤਰ੍ਹਾਂ ਦੀ ਖੇਤੀ ਅਤੇ ਖੇਤੀ ਤਰੀਕਿਆ ਬਾਰੇ ਜਾਣਕਾਰੀ ਦੇਣਾ।<br>ਮੁੱਖ ਫਸਲਾ ਦੇ ਖੇਤਰ ਅਤੇ ਫਸਲਾਂ ਦਾ ਵਰਖਾ ਤੇ ਜਲਵਾਯੂ ਨਾਲ ਸਬੰਧ ਸਮਝਾਉਣਾ।<br>ਦੇਸ਼ ਅਰਥ ਵਿਵਸਥਾ ਚ ਖੇਤੀਬਾੜੀ ਦਾ ਮਹੱਤਵ ਸਮਝਾਉਣਾ। | • ਪਾਠ ਪੁਸਤਕ ਚ ਦਿੱਤੇ ਨਕਸ਼ੇ ਵੱਖ-ਵੱਖ ਫਸਲਾਂ ਦੇ ਖੇਤਰ ਅੰਕਿਤ ਕਰਕੇ ਅਭਿਆਸ ਕਾਪੀ ਤੇ ਚਿਪਕਾਏ ਜਾਣ।<br>• ਆਪਣੇ ਆਲੇ ਦੁਆਲੇ ਦੀ ਮਿੱਟੀ ਤੇ ਜਲਵਾਯੂ ਸਬੰਧੀ ਲਿਖਣ ਲਈ ਪ੍ਰੇਰਿਤ ਕੀਤਾ ਜਾਵੇ।<br>• ਵੱਖ-ਵੱਖ ਫਸਲਾਂ ਨਾਲ ਸਬੰਧਿਤ ਚਾਰਟ ਤਿਆਰ ਕੀਤਾ ਜਾਵੇ। |
| | ਇਤਿਹਾਸ:<br>ਅਧਿਆਇ-6<br>ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ | ਗੁਰੂ ਗੋਬਿੰਦ ਸਿਘ ਜੀ ਤੋਂ ਬਾਅਦ, ਬੰਦਾ ਸਿੰਘ ਬਹਾਦਰ ਸਮੇਂ ਪੰਜਾਬ ਅਤੇ ਸਿੱਖ ਧਰਮ ਦੇ ਵਿਕਾਸ ਸਬੰਧੀ ਸਮਝਾਉਣਾ।<br>ਪੰਜਾਬ ਵਿੱਚ ਸਿੱਖ ਮਿਸਲਾ ਦੀ ਉਤਪੱਤੀ ਵਿੱਚ ਸਮਾਜਿਕ ਤੇ ਰਾਜਨੀਤਿਕ ਹਾਲਤਾ ਦੇ ਯੋਗਦਾਨ ਸਬੰਧੀ ਸਮਝਾਉਣਾ। | • 1947 ਤੋਂ ਪਹਿਲਾਂ ਦਾ ਪੰਜਾਬ ਨਕਸ਼ੇ ਤੇ ਬੰਦਾ ਬਹਾਦਰ ਦੀਆਂ ਲੜਾਈਆਂ ਦੇ ਸਥਾਨ ਅੰਕਿਤ ਕਰਵਾਕੇ ਅਭਿਆਸ ਕਾਪੀ ਤੇ ਨਕਸ਼ਾ ਚਿਪਕਾਇਆ ਜਾਵੇ।<br>• ਸਿੱਖ ਮਿਸਲਾ ਸਬੰਧੀ ਚਾਰਟ ਜਾਂ ਟੇਬਲ ਤਿਆਰ ਕਰਵਾਇਆ ਜਾਵੇ।<br>• 18ਵੀਂ ਸਦੀ ਦੇ ਪੰਜਾਬ ਤੇ ਅਜੋਕੇ ਪੰਜਾਬ ਦੀ ਰਾਜਨੀਤੀਕ ਤੇ ਸਮਾਜਿਕ ਦਸ਼ਾ ਦਾ ਤੁਲਨਾਤਮਕ ਚਾਰਟ ਤਿਆਰ ਕਰਵਾਇਆ ਜਾਵੇ। |
| | ਨਾਗਰਿਕ ਸ਼ਾਸਤਰ:<br>ਇਕਾਈ-3<br>ਅਧਿਆਇ-13<br>ਭਾਰਤੀ ਲੋਕਤੰਤਰ ਦਾ ਸਰੂਪ | ਭਾਰਤੀ ਲੋਕਤੰਤਰ ਦੇ ਸਰੂਪ ਅਤੇ ਚੋਣ ਪ੍ਰਕਿਰਿਆ ਸਬੰਧੀ ਸਮਝ ਪੈਦਾ ਕਰਨਾ।<br>ਵੱਖ ਰਾਜਨੀਤਿਕ ਦਲਾ ਅਤੇ ਵਿਰੋਧੀ ਦਲ ਦੀ ਦੇਸ਼ ਦੇ ਕੰਮ-ਕਾਰ ਚਲਾਉਣ ਚ ਕੀ ਭੂਮਿਕਾ ਹੈ ਇਹ ਸਮਝਾਉਣਾ। | • ਭਾਰਤੀ ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ ਦਾ ਤਸਵੀਰਾਂ ਨਾਲ ਚਾਰਟ ਤਿਆਰ ਕਰਵਾਇਆ ਜਾਵੇ।<br>• ਅਜੋਕੇ ਭਾਰਤ ਅਤੇ ਪੰਜਾਬ ਦੇ ਰਾਜਨੀਤਿਕ ਦਲਾ ਦਾ ਟੇਬਲ |

| | | | |
|---|---|---|---|
| | | | ਅਭਿਆਸ ਕਾਪੀ ਤੇ ਬਣਵਾਇਆ ਜਾਵੇ।(ਨਿਸ਼ਾਨ ਸਮੇਤ)<br>• ਚੋਣ ਪ੍ਰਕਿਰਿਆ ਸਬੰਧੀ 'ਰੋਲ ਪਲੇਅ' ਤਿਆਰ ਕਰਵਾਇਆ ਜਾਵੇ।<br>• ਕਲਾਸ ਨੂੰ ਦੋ ਭਾਗਾਂ ਚ ਵੰਡ ਕੇ "ਪਾਰਲੀਮੈਂਟਰੀ ਬਹਿਸ" ਵਿਸ਼ੇ ਤੇ ਡ੍ਰਿਲ ਕਰਵਾਈ ਜਾਵੇ। |
| ਨਵੰਬਰ | ਭੂਗੋਲ:<br>ਅਧਿਆਇ-7<br>ਖਣਿਜ ਪਦਾਰਥ ਅਤੇ ਸ਼ਕਤੀ ਸਾਧਨ | ਖਣਿਜ ਪਦਾਰਥਾਂ ਦੀ ਵੱਖ-ਵੱਖ ਖੇਤਰਾਂ ਚ ਉਪਲੱਭਤਾ ਅਤੇ ਇਨ੍ਹਾਂ ਦੀ ਸੰਭਾਲ ਸਬੰਧੀ ਜਾਣਕਾਰੀ ਦੇਣਾ।<br>ਰਵਾਇਤੀ ਅਤੇ ਗੈਰ ਰਵਾਇਤੀ ਸ਼ਕਤੀ ਸਾਧਨਾ ਬਾਰੇ ਜਾਣਕਾਰੀ ਦੇਣਾ। | • ਪਾਠ-ਪੁਠਤਕ 'ਚ ਅਧਿਆਇ ਚ ਦਿੱਤੇ ਨਕਸ਼ਿਆਂ 'ਚ ਵੱਖ-ਵੱਖ ਖਣਿਜ ਪਦਾਰਥਾਂ ਦੇ ਖੇਤਰ ਅੰਕਿਤ ਕਰਕੇ ਨਕਸ਼ਾ ਅਭਿਆਸ ਕਾਪੀ ਤੇ ਚਿਪਕਾਇਆ ਜਾਵੇ।<br>• ਸ਼ਕਤੀ ਸਾਧਨਾ ਸਬੰਧੀ ਚਾਰਟ ਤਿਆਰ ਕੀਤਾ ਜਾਵੇ।<br>• ਅਭਿਆਸ ਕਾਪੀ ਤੇ ਫਲੋ ਚਾਰਟ ਤਿਆਰ ਕਰਵਾਇਆ ਜਾਵੇ।<br>• ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਜਾਵੇ। |
| | ਅਧਿਆਇ-8<br>ਨਿਰਮਾਣ ਉਦਯੋਗ | ਨਿਰਮਾਣ ਉਦਯੋਗ ਦਾ ਦੇਸ਼ ਦੀ ਅਰਥ ਵਿਵਸਥਾ 'ਚ ਯੋਗਦਾਨ ਸਬੰਧੀ ਜਾਣਕਾਰੀ ਦੇਣਾ।<br>ਯੋਜਨਾਬੱਧ ਨਿਰਮਾਣ ਉਦਯੋਗ ਦੀ ਲੋੜ ਸਬੰਧੀ ਜਾਣਕਾਰੀ ਦੇਣਾ। | • ਪਾਠ ਪੁਸਤਕ ਤੇ ਦਿੱਤੇ ਨਕਸ਼ੇਆ ਚ ਵੱਖ-ਵੱਖ ਨਿਰਮਾਣ ਉਦਯੋਗ ਦੇ ਖੇਤਰ ਅੰਕਿਤ ਕਰਕੇ ਨਕਸ਼ਾ ਅਭਿਆਸ ਕਾਪੀ ਤੇ ਚਿਪਕਾਇਆ ਜਾਵੇ।<br>• ਚਾਰਟ ਤਿਆਰ ਕਰਵਾਇਆ ਜਾਵੇ |

| | | | |
|---|---|---|---|
| | | | ਅਤੇ ਜਮਾਤ ਦੇ ਕਮਰੇ ਚ ਲਗਾਇਆ ਜਾਵੇ। |
| | ਅਰਥ-ਸ਼ਾਸਤਰ:<br>ਅਧਿਆਇ-4<br>ਭਾਰਤ 'ਚ ਉਦਯੋਗਿਕ ਵਿਕਾਸ | ਭਾਰਤ 'ਚ ਉਦਯੋਗਿਕ ਵਿਕਾਸ ਨੂੰ ਸਮਝਣਾ ਅਤੇ ਰਾਸ਼ਦਨ ਆਮਦਨ ਚ ਇਸ ਦੇ ਯੋਗਦਾਨ ਸਬੰਧੀ ਸਮਝਣਾ। | • ਅਧਿਆਪਕ ਭੂਗੋਲ ਦੇ ਅਧਿਆਇ-8 ਨਾਲ ਤਾਲਮੇਲ ਕਰਦਾ ਹੋਇਆ ਇਹ ਅਧਿਆਇ ਕਰਵਾਏਗਾ।<br>• ਕਿਸੇ ਨੇੜੇ ਦੇ ਉਦਯੋਗ ਦੀ ਯਾਤਰਾ ਕਰਵਾਈ ਜਾਵੇ।<br>• ਵੱਡੇ ਉਦਯੋਗਾਂ ਅਤੇ ਛੋਟੇ ਉਦਯੋਗਾਂ ਦੀਆਂ ਤਸਵੀਰਾਂ ਕੱਟ ਕੇ ਕੋਲਾਜ ਤਿਆਰ ਕਰਵਾਇਆ ਜਾਵੇ। |
| | ਇਤਿਹਾਸ:<br>ਅਧਿਆਇ-7<br>ਰਣਜੀਤ ਸਿੰਘਯ ਮੁੱਢਲਾ ਜੀਵਨ, ਪ੍ਰਾਪਤੀਆ ਅਤੇ ਅੰਗਰੇਜ਼ਾਂ ਨਾਲ ਸਬੰਧ | ਰਣਜੀਤ ਸਿੰਘ ਦੀ ਸ਼ਖਸੀਅਤ ਬਾਰੇ ਜਾਣਕਾਰੀ ਦੇਣਾ ਕਿ ਕਿਸ ਤਰ੍ਹਾਂ ਸ਼ੇਰ-ਏ-ਪੰਜਾਬ ਨੇ ਸੁਤੰਤਰ ਰਾਜ ਸਥਾਪਿਤ ਕੀਤਾ। ਅੰਗਰੇਜ਼ਾ ਦੀਆਂ ਨੀਤੀਆਂ ਅਤੇ ਰਣਜੀਤ ਸਿੰਘ ਦੀਆਂ ਨੀਤੀਆਂ ਦਾ ਪੰਜਾਬ ਦੇ ਇਤਿਹਾਸ 'ਤੇ ਕੀ ਪ੍ਰਭਾਵ ਪਿਆ, ਬਾਰੇ ਸਮਝ ਪੈਦਾ ਕਰਨਾ। | • ਇਸ ਅਧਿਆਇ ਨੂੰ "ਕਹਾਣੀ ਵਿਧੀ" ਦਾ ਪੜਾਇਆ ਜਾਵੇ।<br>• ਰਣਜੀਤ ਸਿੰਘ ਦੀ ਸ਼ਖਸੀਅਤ ਸਬੰਧੀ ਕੋਈ ਵੀ ਰੋਲ ਪਲੇਅ ਤਿਆਰ ਕਰ ਕਰਵਾਇਆ ਜਾਵੇ।<br>• "ਰਣਜੀਤ ਸਿੰਘ ਸ਼ੇਰ-ਏ-ਪੰਜਾਬ" ਵਿਸ਼ੇ ਅਧੀਨ ਭਾਸ਼ਣ ਪ੍ਰਤੀਯੋਗਤਾ ਕਰਵਾਈ ਜਾਵੇ।<br>• 1947 ਤੋਂ ਪਹਿਲਾ ਦੇ ਪੰਜਾਬ ਦੇ ਨਕਸ਼ੇ ਵਿੱਚ ਰਣਜੀਤ ਸਿੰਘ ਨਾਲ ਸਬੰਧਿਤ ਸਥਾਨ ਭਰਵਾਏ ਜਾਣ। |
| | ਅਰਥ ਸ਼ਾਸਤਰ:<br>ਅਧਿਆਇ-5 | ਵਿਦੇਸ਼ੀ ਵਪਾਰ ਦੇ ਮਹੱਤਵ ਸਬੰਧੀ ਸਮਝ ਪੈਦਾ ਕਰਨਾ ਅਤੇ ਵਿਦੇਸ਼ ਵਪਾਰ | • ਭਾਰਤ ਤੋਂ ਅਯਾਤ ਅਤੇ ਨਿਰਯਾਤ ਹੋਣ ਵਾਲੀਆਂ ਵਸਤੂਆਂ ਦਾ ਟੇਬਲ |

| | | | |
|---|---|---|---|
| | ਭਾਰਤ ਦਾ ਵਿਦੇਸ਼ੀ ਵਪਾਰ | ਦਾ ਭਾਰਤ ਦੇ ਆਰਥਿਕ ਵਿਕਾਸ ਚ ਕੀ ਯੋਗਦਾਨ ਹੈ, ਸਮਝਾਉਣਾ। | ਅਭਿਆਸ ਕਾਪੀ ਤੇ ਬਣਾਇਆ ਜਾਵੇ।<br>• ਅਖਬਾਰਾਂ ਚੋਂ ਵਿਦੇਸ਼ੀ ਵਪਾਰ ਨਾਲ ਸਬੰਧਿਤ ਕਤਰਨਾ ਕੱਟ ਕੇ ਕਲਾਸ ਚ ਬੋਰਡ ਤੇ ਲਗਾਇਆ ਜਾਣ।<br>• ਭਾਰਤ ਦੇ ਵਿਦੇਸ਼ ਮੰਤਰੀ ਦਾ ਨਾਂ ਤਸਵੀਰ ਅਭਿਆਸ ਕਾਪੀ ਤੇ ਲਗਾਈ ਜਾਵੇ। |
| ਦਸੰਬਰ | ਭੂਗੋਲ:<br>ਅਧਿਆਇ-9<br>ਆਵਾਜਾਈ ਅਤੇ ਸੰਚਾਰ ਸਾਧਨ | ਆਵਾਜਾਈ ਤੇ ਸੰਚਾਰ ਸਾਧਨ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਾ ਅਤੇ ਸਮਝ ਪੈਦਾ ਕਰਨਾ ਕਿ ਕਿਸ ਤਰ੍ਹਾਂ ਸੰਚਾਰ ਤੇ ਆਵਜਾਈ ਸਾਧਨਾ ਨਾਲ ਸੰਸਾਰ ਇੱਕ ਬਣ ਗਿਆ ਹੈ।<br>ਵਪਾਰ ਅਤੇ ਆਰਥਿਕ ਵਿਕਾਸ ਦੇ ਲਈ ਆਵਾਜਾਈ ਤੇ ਸੰਚਾਰ ਸਾਧਨਾ ਦੀ ਮਹੱਤਤਾ ਬਾਰੇ ਸਮਝਾਉਣਾ। | • ਆਵਾਜਾਈ ਤੇ ਸੰਚਾਰ ਦੇ ਸਾਧਨਾਂ ਦੀਆਂ ਤਸਵੀਰਾਂ ਬਣਾਈਆ ਜਾਣ।<br>• ਪਾਠ-ਪੁਸਤਕ ਤੇ ਦਿੱਤੇ ਨਕਸ਼ੇ ਦੀ ਮਦਦ ਨਾਲ ਨਕਸ਼ਾ ਤਿਆਰ ਕਰਕੇ ਅਭਿਆਸ ਕਾਪੀ ਤੇ ਚਿਪਕਾਇਆ ਜਾਵੇ।<br>• ਵਪਾਰ ਅਤੇ ਆਰਥਿਕ ਵਿਕਾਸ ਸਬੰਧੀ ਅਖਬਾਰਾਂ ਚੋਂ ਕਤਰਨਾਂ ਕੱਟ ਕੇ ਕੋਲਾਜ ਤਿਆਰ ਕੀਤਾ ਜਾਵੇ। |
| | ਅਰਥ ਸ਼ਾਸਤਰ:<br>ਅਧਿਆਇ-6<br>ਭਾਰਤ ਵਿੱਚ ਆਰਥਿਕ ਨਿਯੋਜਨ | ਆਰਥਿਕ ਨਿਯੋਜਨ ਦੀ ਮਹੱਤਤਾ ਸਬੰਧੀ ਸਮਝ ਪੈਦਾ ਕਰਨਾ ਅਤੇ ਭਾਰਤ ਦੇ ਆਰਥਿਕ ਵਿਕਾਸ ਲਈ ਇਸ ਦਾ ਮਹੱਤਵ ਸਮਝਣਾ। | • ਆਰਥਿਕ ਨਿਯੋਜਨ ਦੀ ਮਹੱਤਤਾ ਸਬੰਧੀ ਕਲਾਸ ਚ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਜਾਵੇ। |
| | ਇਤਿਹਾਸ:<br>ਅਧਿਆਇ-8 | ਪੰਜਾਬ ਉੱਤੇ ਅੰਗਰੇਜ਼ਾਂ ਨੇ ਕਿਸ ਤਰ੍ਹਾਂ ਦੀਆਂ ਨੀਤੀਆਂ ਅਪਣਾ ਕੇ ਕਬਜਾ ਕੀਤਾ ਅਤੇ ਪੰਜਾਬੀ ਲੋਕਾਂ ਨੇ ਇਸ ਦਾ | • ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ (1845-46) ਦੇ ਸਥਾਨ ਅੰਕਿਤ ਕਰਕੇ ਨਕਸ਼ਾ ਅਭਿਆਸ |

| | | | |
|---|---|---|---|
| | ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜਾ | ਵਿਰੋਧ ਕਿਸ ਤਰ੍ਹਾਂ ਕੀਤਾ। | ਕਾਪੀ ਤੇ ਲਗਾਇਆ ਜਾਵੇ।<br>• ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਲੜਾਈ ਨਕਸ਼ੇ ਤੇ ਸਥਾਨ ਅੰਕਿਤ ਕਰਵਾਏ ਜਾਣ।<br>• "ਮਹਾਰਾਣੀ ਜਿੰਦਾ" ਅਤੇ "ਮਹਾਰਾਜਾ ਦਲੀਪ ਸਿੰਘ" ਨਾਲ ਸਬੰਧਿਤ ਅਖਬਾਰਾਂ ਤੋਂ ਲਿਖਤਾ ਲੱਭਣ ਲਈ ਕਿਹਾ ਜਾਵੇ।<br>• "ਮਹਾਰਾਣੀ ਜਿੰਦਾ" ਦੀ ਦੇਸ਼ ਭਗਤੀ ਸਬੰਧੀ ਰੋਲ ਪਲੇਅ ਤਿਆਰ ਕਰਵਾਇਆ ਜਾਵੇ ਅਤੇ ਕਹਾਣੀ ਸੁਣਾਈ ਜਾਵੇ। |
| ਜਨਵਰੀ | ਭੂਗੋਲ:<br>ਅਧਿਆਇ-10<br>ਜਨਸੰਖਿਆ | ਜਨਸੰਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਬਾਰੇ ਜਾਣਕਾਰੀ ਦੇਣਾ।<br>ਵੱਖ-ਵੱਖ ਬੰਦਿਆ ਦਾ ਜਨਸੰਖਿਆ ਤੇ ਕੀ ਪ੍ਰਭਾਵ ਪਿਆ, ਸਮਝ ਪੈਦਾ ਕਰਨਾ।<br>ਰਾਸ਼ਟਰੀ ਨੀਤੀਆਂ ਕਿਸ ਤਰ੍ਹਾਂ ਵਸੋ ਵੰਡ ਨੂੰ ਪ੍ਰਭਾਵਿਤ ਕਰਦੀਆਂ ਹਨ, ਸਮਝਾਉਣਾ। | • ਜਨਸੰਖਿਆ ਦੀ ਘਣਤਾ ਸਬੰਧੀ ਨਕਸ਼ਾ ਭਰਾਇਆ ਜਾਵੇ।<br>• ਜਨਸੰਖਿਆ ਦੀ ਘਣਤਾ ਤੇ ਕਾਰਨਾ ਦਾ ਤੁਲਨਾਤਮਕ ਚਾਰਟ ਅਭਿਆਸ ਕਾਪੀ ਤੇ ਤਿਆਰ ਕੀਤਾ ਜਾਵੇ।<br>• ਅਭਿਆਸ ਕਾਪੀ ਤੇ ਫਲੋ ਚਾਰਟ ਬਣਾਏ ਜਾਣ। |
| | ਇਤਿਹਾਸ:<br>ਅਧਿਆਇ-9<br>ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ | ਅੰਗਰੇਜ਼ਾਂ ਦੇ ਵਿਰੁੱਧ 1857 ਈ: ਦੇ ਵਿਦਰੋਹ ਅਤੇ ਉਸ ਤੋਂ ਬਾਅਦ ਕਿਸ ਤਰ੍ਹਾਂ ਵੱਖ-ਵੱਖ ਲਹਿਰਾਂ ਅਤੇ ਘਟਨਾਵਾਂ ਨਾਲ ਪੰਜਾਬੀਆਂ ਨੇ "ਭਾਰਤ ਦੀ ਅਜ਼ਾਦੀ ਲਈ ਸੰਘਰਸ਼" | • ਅਧਿਆਇ ਦੇ ਵਿਸ਼ਾ ਵਸਤੂ ਦੀਆਂ ਘਟਨਾਵਾਂ ਲਹਿਰਾਂ ਨਾਲ ਸਬੰਧਿਤ "ਸਮਾਂ ਰੇਖਾ" (ਟਾਇਮ-ਲਾਇਨ) ਬਣਾਈ ਜਾਵੇ।<br>• ਵੱਖ-ਵੱਖ ਲਹਿਰਾਂ ਅਤੇ ਘਟਨਾਵਾਂ |

| | | | |
|---|---|---|---|
| | | ਵਿੱਚ ਯੋਗਦਾਨ ਦਿੱਤਾ ਇਹ ਲਹਿਰਾਂ ਅਤੇ ਘਟਨਾਵਾਂ ਰਾਤੋ-ਰਾਤ ਨਹੀਂ ਹੋਇਆ ਸਗੋਂ ਇਸ ਦੇ ਪਿੱਛੇ ਦਾ ਇਤਿਹਾਸ ਇਨ੍ਹਾਂ ਲਈ ਜਿੰਮੇਵਾਰ ਸੀ, ਇਸ ਸਬੰਧੀ ਜਾਣਕਾਰੀ ਦੇਣਾ। | ਦਾ ਚਾਰਟ ਤਿਆਰ ਕਰਵਾਇਆ ਜਾਵੇ।<br>• ਕੂਕਾ ਅੰਦੋਲਨ ਅਤੇ ਆਰੀਆ ਸਮਾਜ ਦਾ ਤੁਲਨਾਤਮਕ ਚਾਰਟ ਤਿਆਰ ਕੀਤਾ ਜਾਵੇ।<br>• ਜੈਤੋ ਦਾ ਮੋਰਚਾ ਤੇ ਜਿਲਿਆ ਵਾਲੇ ਬਾਗ ਦੀ ਘਟਨਾ ਸਬੰਧੀ ਰੋਲ ਪਲੇਅ। |
| | ਨਾਗਰਿਕ ਸ਼ਾਸਤਰ:<br>ਇਕਾਈ-4<br>ਅਧਿਆਇ-14<br>ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ | ਭਾਰਤ ਦੀ ਦੂਜੇ ਰਾਸ਼ਟਰਾ ਨਾਲ ਨੀਤੀ ਨੂੰ ਸਮਝਣਾ<br>ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਅੰਗ ਅਤੇ ਭਾਰਤ ਦਾ ਵਿਸ਼ਵ ਪੱਧਰ ਤੇ ਯੋਗਦਾਨ ਸਮਝਣਾ। | • ਸੰਯੁਕਤ ਰਾਸ਼ਟਰ ਦੇ ਅੰਗਾਂ ਸਬੰਧੀ ਚਾਰਟ ਤਿਆਰ ਕੀਤਾ ਜਾਵੇ।<br>• ਅਖਬਾਰਾਂ ਅਤੇ ਰਸਾਲਿਆ ਤੋਂ ਭਾਰਤ ਦੀ ਵਿਦੇਸ਼ ਨੀਤੀ ਸਬੰਧੀ ਕਤਰਨਾ ਕੱਟ ਕੇ ਕਲਾਸ ਬੋਰਡ ਜਾਂ ਚਾਰਟ ਤਿਆਰ ਕਰੋ। |
| ਫਰਵਰੀ | ਦੁਹਰਾਈ | | |